ਪੰਜਾਬ ਸਟੇਟ ਟ੍ਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਿਡ

Regd. Office: PSEB, Head Office, The Mall, Patiala-147001)
Corporate Identity Number: U40109PB2010SGC033814, www.pstcl.org
(O/o CE/SLDC)E-mail:ce-sldc@pstcl.org,Telephone No. & Fax No.0175-366007)

ਦਫ਼ਤਰੀ ਹੁਕਮ ਨੰਬਰ 154 /ਪੀ-855 ਮਿਤੀ 11.11.2016

ਜਿਵੇਂ ਕਿ ਸ੍ਰੀ ਕ੍ਰਿਸ਼ਨ ਕੁਮਾਰ, ਹੇ:ਸ੍ਰੇ:ਕ: ਪੁੱਤਰ ਸ੍ਰੀ ਬਚਨਾ ਰਾਮ (ਜਨਮ ਮਿਤੀ 26.03.1960) ਜਦੋਂ ਇਹ ਡਿਪਟੀ ਡਾਇਰੈਕਟਰ/ਪੀਸੀ, ਪੰ:ਰਾ:ਬਿ:ਬੋ:,(ਹੁਣ ਪੀ.ਐਸ.ਟੀ.ਸੀ.ਐਲ),ਅਬਲੋਵਾਲ ਪਟਿਆਲਾ ਵਿੱਖੇ ਤੈਨਾਤ ਸੀ ਨੇ ਮਿਤੀ 4.07.2008 ਤੋਂ 12.12.2008 ਤੱਕ ਬਿਨ੍ਹਾਂ ਛੁੱਟੀ ਮੰਨਜੂਰ ਕਰਵਾਂਏ ਡਿਊਟੀ ਤੋਂ ਗੈਰ ਹਾਜ਼ਰ ਰਹੇ ਅਤੇ ਯੂ.ਐਸ.ਏ (ਅਮਰੀਕਾ) ਚਲਾ ਗਿਆ। ਕਰਮਚਾਰੀ ਮਿਤੀ 3.06.2009 ਤੋਂ ਹੁਣ ਤੱਕ ਲਗਾਤਾਰ ਗੈਰ ਹਾਜ਼ਰ ਹੈ। ਡਾਇਰੈਕਟਰ/ਪੀ.ਆਰ ਅਤੇ ਸੀ, ਪੰ:ਰਾ:ਬਿ:ਬੋ:,(ਹੁਣ ਪੀ.ਐਸ.ਟੀ.ਸੀ.ਐਲ),ਅਬਲੋਵਾਲ ਪਟਿਆਲਾ ਵਲੋ ਕਰਮਚਾਰੀ ਨੂੰ ਡਿਊਟੀ ਤੇ ਹਾਜ਼ਰ ਹੋਣ ਲਈ ਪੱਤਰ ਨੰਬਰ-875 ਮਿਤੀ 3.07.2008, ਪੱਤਰ ਨੰਬਰ-560 ਮਿਤੀ 4.06.2009 ਅਤੇ 577 ਮਿਤੀ 10.06.2009 ਨਾਲ ਉਨ੍ਹਾਂ ਦੇ ਘਰ ਦੇ ਪਤੇ ਤੇ ਰਜਿਸਟਰਡ ਪੱਤਰ ਭੇਜਿਆ ਗਿਆ ਸੀ।

ਕਰਮਚਾਰੀ ਵਲੋਂ ਇਨ੍ਹਾਂ ਪੱਤਰਾਂ ਦਾ ਕੋਈ ਜਵਾਬ ਨਹੀ ਦਿੱਤਾ ਗਿਆ। ਇਸ ਪ੍ਰਕਾਰ ਉਹ ਆਪਣੀ ਡਿਊਟੀ ਤੋਂ ਮਿਤੀ 3.06.2009 ਤੋਂ ਹੁਣ ਤੱਕ ਲਗਾਤਾਰ ਗੈਰ ਹਾਜ਼ਰ ਚਲ ਰਿਹਾ ਹੈ।ਉਪਰੋਕਤ ਅਣਗਹਿਲੀਆਂ/ਕੁਤਾਹੀਆਂ ਕਾਰਨ ਉਸ ਨੂੰ (ਕਰਮਚਾਰੀ) ਡਾਇਰੈਕਟਰ/ਪੀ.ਆਰ ਅਤੇ ਸੀ, ਪੰ:ਰਾ:ਬਿ:ਬੋ:,(ਹੁਣ ਪੀ.ਐਸ.ਟੀ.ਸੀ.ਐਲ),ਅਬਲੋਵਾਲ ਪਟਿਆਲਾ ਵਲੋ ਦੋਸ਼ ਸੂਚੀ ਨੰਬਰ-791 ਅਤੇ 792 ਮਿਤੀ 30.07.2009 ਨੂੰ ਜਾਰੀ ਕੀਤੀਆਂ ਗਈਆਂ ਅਤੇ ਉਸ ਨੂੰ 30 ਦਿਨਾਂ ਦੇ ਅੰਦਰ ਅੰਦਰ ਖੁਦ ਪੇਸ਼ ਹੋ ਕੇ ਜਵਾਬ ਦੇਣ ਲਈ ਕਿਹਾ ਗਿਆ। ਜੋ ਕਿ ਉਸ ਨੂੰ ਡਾਇਰੈਕਟਰ/ਪੀ.ਆਰ ਅਤੇ ਸੀ, ਪੰ:ਰਾ:ਬਿ:ਬੋ:,(ਹੁਣ ਪੀ.ਐਸ.ਟੀ.ਸੀ.ਐਲ),ਅਬਲੋਵਾਲ ਪਟਿਆਲਾ ਦੇ ਰਾਹੀਂ ਉਸ ਦੇ ਘਰ ਦੇ ਪਤੇ ਤੇ ਪੱਤਰ ਨੰਬਰ-792 ਮਿਤੀ 30.07.2009 ਨੂੰ ਰਜਿਸਟਰੀ ਰਾਹੀਂ ਭੇਜਿਆ ਗਿਆ।ਜਿਸ ਵਿੱਚ ਕਰਮਚਾਰੀ ਨੇ ਦੋਸ ਸੂਚੀ ਦੇ ਜਵਾਬ ਵਿੱਚ ਦੱਸਿਆ ਹੈ ਕਿ ਮੈ ਛੁੱਟੀ ਦੇ ਕੇ ਗਿਆ ਸੀ, ਜਦੋਂ ਕਿ ਕਰਮਚਾਰੀ ਨੂੰ ਛੁੱਟੀ ਮੰਨਜੂਰ ਕਰਵਾ ਕੇ ਜਾਣਾ ਚਾਹੀਦਾ ਸੀ।

ਇਸ ਉਪਰੰਤ ਇਸ ਦਫ਼ਤਰ ਦੇ ਦ/ਹੁਕਮ ਨੰਬਰ-13 ਮਿਤੀ 30.01.2013 ਅਤੇ ਦਫ਼ਤਰੀ ਹੁਕਮ ਨੰਬਰ-2 ਮਿਤੀ 7.04.2014 ਨਾਲ ਕਰਮਚਾਰੀ ਵਿਰੁੱਧ ਲਗਾਏ ਗਏ ਦੋਸ਼ਾਂ ਦੀ ਪੜਤਾਲ ਕਰਨ ਲਈ ਇੰਜ:ਜਾਗ੍ਰਿਤੀ,ਏ.ਈ.ਈ (ਓਪਨ ਅਸੈਸ) ਪੀ.ਐਸ.ਟੀ.ਸੀ.ਐਲ, ਅਬਲੋਵਾਲ ਨੂੰ ਇੰਨਕੁਆਰੀ ਅਫਸਰ ਨਿਯੁਕਤ ਕੀਤਾ ਗਿਆ।ਇੰਨਕੁਆਰੀ ਅਫਸਰ ਵਲੋਂ ਉਸ ਨੂੰ (ਕਰਮਚਾਰੀ) ਪੱਤਰ ਨੰ-1505/06 ਮਿਤੀ 8.02.2013 ਅਤੇ ਪੱਤਰ ਨੰਬਰ-2716 ਮਿਤੀ 15.04.2014 ਰਾਹੀਂ ਇੰਨਕੁਆਰੀ ਅਫਸਰ ਸਾਹਮਣੇ ਪੇਸ ਹੋ ਕੇ ਆਪਣਾ ਪੱਖ 30 ਦਿਨਾਂ ਦੇ ਅੰਦਰ ਅੰਦਰ ਪੇਸ ਕਰਨ ਲਈ ਲਿਖਿਆ ਗਿਆ।ਇੰਨਕੁਆਰੀ ਅਫਸਰ ਵਲੋ ਕਰਮਚਾਰੀ ਨੂੰ ਉਸ ਦੀ ਗੈਰ ਹਾਜਰੀ ਸਬੰਧੀ ਸਪਸਟੀਕਰਨ ਕਰਨ ਦੇਣ ਲਈ 20 ਦਿਨਾਂ ਦੇ ਅੰਦਰ ਅੰਦਰ ਪੇਸ਼ ਹੋਣ ਦੀ ਹਦਾਇਤ ਕੀਤੀ ਗਈ। ਕਰਮਚਾਰੀ ਖੁਦ ਇੰਨਕੁਆਰੀ ਅਫਸਰ ਸਾਹਮਣੇ ਪੇਸ਼ ਨਹੀ ਹੋਇਆ ਅਤੇ ਡਾਕ ਰਾਹੀਂ ਯੂ.ਐਸ.ਏ (ਅਮਰੀਕਾ) ਤੋਂ ਅਧੂਰਾ ਸਪਸਟੀਕਰਨ ਭੇਜ ਦਿੱਤਾ, ਜੋ ਕਿ ਤਸੱਲੀਬਖਸ਼ ਨਹੀ ਸੀ।

ਕਰਮਚਾਰੀ ਨੂੰ ਅਖਬਾਰਾਂ ਹਿੰਦੂਸਤਾਨ ਟਾਈਮਜ਼ ਅਤੇ ਅਜੀਤ ਮਿਤੀ 9.08.2013 ਅਤੇ 10.08.2013 ਰਾਹੀਂ ਨੋਟਿਸ ਛਪਵਾ ਕੇ 15 ਦਿਨਾਂ ਦੇ ਅੰਦਰ ਅੰਦਰ ਇੰਨਕੁਆਰੀ ਅਫਸਰ ਸਾਹਮਣੇ ਪੇਸ਼ ਹੋ ਕੇ ਆਪਣੀ ਗੈਰ ਹਾਜਰੀ ਸਬੰਧੀ ਸਪਸਟੀਕਰਨ ਪੇਸ਼ ਕਰਨ ਅਤੇ ਡਿਊਟੀ ਤੇ ਤੁਰੰਤ ਹਾਜ਼ਰ ਹੋਣ ਲਈ ਕਿਹਾ ਅਤੇ ਨੋਟਿਸ ਅੰਗਰੇਜੀ ਅਖਬਾਰ ਮਿਤੀ 12.06.2014, ਜਗਬਾਣੀ 12.06.2014 ਛਪਵਾ ਕੇ ਕਰਮਚਾਰੀ ਨੂੰ ਇੰਨਕੁਆਰੀ ਅਫਸਰ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ।ਇੰਨਕੁਆਰੀ ਅਫਸਰ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਹੈ ਕਿ ਕਰਮਚਾਰੀ ਡਿਊਟੀ ਤੇ ਹਾਜ਼ਰ ਹੋਣ ਲਈ ਉਤਸੁਕ ਨਹੀ ਹੈ। ਇਸ ਲਈ ਉਸ ਉਪਰ ਮਹਿਕਮੇ ਦੀਆਂ ਮੌਜੂਦਾ ਹਦਾਇਤਾ ਅਨੁਸਾਰ ਬਣਦੀ ਕਾਰਵਾਈ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਕਰਮਚਾਰੀ ਨੂੰ ਪੱਤਰ ਨੰਬਰ-668 ਮਿਤੀ 6.05.2015 ਰਾਹੀਂ 15 ਦਿਨਾਂ ਦੇ ਅੰਦਰ, ਪੱਤਰ ਨੰਬਰ-824 ਮਿਤੀ 28.05.2015 ਰਾਹੀਂ 7 ਦਿਨਾਂ ਦੇ ਅੰਦਰ ਅੰਦਰ, ਪੱਤਰ ਨੰਬਰ-979 ਮਿਤੀ 29.06.2015 ਰਾਹੀਂ ਕਰਮਚਾਰੀ ਨੂੰ ਨਿੱਜੀ ਤੌਰ ਤੇ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਗਿਆ। ਪ੍ਰੰਤੂ ਕਰਮਚਾਰੀ ਡਿਊਟੀ ਤੇ ਹਾਜ਼ਰ ਨਹੀ ਹੋਇਆ।

ਇਸ ਤੋਂ ਬਾਅਦ ਕਰਮਚਾਰੀ ਨੂੰ ਇੱਕ ਹੋਰ ਪਬਲਿਕ ਨੋਟਿਸ ਅਖਬਾਰ ਹਿੰਦੂਸਤਾਨ ਟਾਈਮਜ਼ ਮਿਤੀ 1.09.2016 ਰਾਹੀਂ ਦਿੱਤਾ ਗਿਆ ਅਤੇ ਉਸ ਦੇ ਦਿੱਤੇ ਪਤੇ ਤੇ ਚਪਕਾਇਆ ਗਿਆ ਅਤੇ ਉਸ ਨੂੰ 30 ਦਿਨਾਂ ਦੇ ਅੰਦਰ ਅੰਦਰ ਡਿਊਟੀ ਤੇ ਤੁਰੰਤ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕਰਨ ਲਈ ਕਿਹਾ ਗਿਆ ਅਤੇ ਅਜਿਹਾ ਨਾ ਕਰਨ ਦੀ ਸੂਰਤ

ਵਿੱਚ ਉਸ ਦੀਆਂ ਮਹਿਕਮੇ ਤੋਂ ਸੇਵਾਵਾਂ ਖਤਮ ਕਰਨ ਲਈ ਲਿਖਿਆ ਗਿਆ। ਪ੍ਰੰਤੂ ਸ੍ਰੀ ਕ੍ਰਿਸ਼ਨ ਕੁਮਾਰ, ਹੇ:ਸ੍ਰੇ:ਕ ਫਿਰ ਵੀ ਆਪਣਾ ਪੱਖ ਪੇਸ਼ ਕਰਨ ਲਈ ਮਿਥੇ ਸਮੇਂ ਦੇ ਅੰਦਰ ਅੰਦਰ ਦਫ਼ਤਰ ਵਿੱਚ ਪੇਸ਼ ਨਹੀ ਹੋਇਆ।

ਨਿਮਨ ਹਸਤਾਖਰ ਕਰਤਾ ਵਲੋਂ ਉਪਰੋਕਤ ਸਾਰੇ ਹਾਲਾਤਾਂ ਨੂੰ ਮੱਦੇ ਨਜਰ਼ ਰੱਖਦੇ ਹੋਏ ਕੇਸ ਨੂੰ ਘੋਖਿਆ/ਵਿਚਾਰਿਆ ਗਿਆ ਅਤੇ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਇਹ ਫੈਸਲਾ ਲਿਆ ਗਿਆ ਕਿ ਕਰਮਚਾਰੀ ਆਪਣੀ ਡਿਊਟੀ ਤੋਂ ਜਾਣਬੁੱਝ ਕੇ ਗੈਰ ਹਾਜ਼ਰ ਚਲਿਆ ਆ ਰਿਹਾ ਹੈ। ਕਰਮਚਾਰੀ ਨੂੰ ਡਿਊਟੀ ਤੇ ਹਾਜ਼ਰ ਹੋਣ ਸਬੰਧੀ ਅਤੇ ਆਪਣਾ ਪੱਖ ਪੇਸ਼ ਕਰਨ ਲਈ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਹਰ ਸੰਭਵ ਮੌਕਾ ਦਿੱਤਾ ਗਿਆ ਪ੍ਰੰਤੂ ਕਰਮਚਾਰੀ ਆਪਣੀ ਡਿਊਟੀ ਤੋਂ ਜਾਣਬੁੱਝ ਕੇ ਗੈਰ ਹਾਜ਼ਰ ਰਿਹਾ। ਇਸ ਲਈ ਸ੍ਰੀ ਕ੍ਰਿਸ਼ਨ ਕੁਮਾਰ, ਹੇ:ਸ੍ਰੇ:ਕ ਪੁੱਤਰ ਸ੍ਰੀ ਬਚਨਾ ਰਾਮ ਦੀਆਂ ਸੇਵਾਵਾਂ ਡਿਊਟੀ ਤੋਂ ਜਾਣਬੁੱਝ ਕੇ ਗੈਰ ਹਾਜਰ ਹੋਣ ਕਾਰਨ ਮਿਤੀ 3.06.2009 ਤੋਂ ਬਰਖਾਸ਼ਤ/ਡਿਸਮਿਸ ਕੀਤੀਆਂ ਜਾਣ।

ਇਸ ਦਫ਼ਤਰੀ ਹੁਕਮ ਰਾਹੀਂ ਸ੍ਰੀ ਕ੍ਰਿਸ਼ਨ ਕੁਮਾਰ, ਹੇ:ਸ੍ਰੇ:ਕ ਪੁੱਤਰ ਸ੍ਰੀ ਬਚਨਾ ਰਾਮ ਜੋ ਕਿ ਡਿਪਟੀ ਡਾਇਰੈਕਟਰ/ਪੀਸੀ, ਅਬਲੋਵਾਲ ਪਟਿਆਲਾ ਤੋਂ ਮਿਤੀ 3.06.2009 ਤੋਂ ਜਾਣਬੁੱਝ ਕੇ ਗੈਰ ਹਾਜ਼ਰ ਚਲ ਰਿਹਾ ਹੈ, ਦੀਆਂ ਸੇਵਾਵਾਂ ਪੰ:ਰਾ:ਬਿ:ਬੋ: (ਹੁਣ ਪੀ.ਐਸ.ਪੀ.ਸੀ.ਐਲ/ਪੀ.ਐਸ.ਟੀ.ਸੀ.ਐਲ) ਦੇ ਸਜ਼ਾ ਅਤੇ ਅਪੀਲ ਰੈਗੂਲੇਸ਼ਨ-1971 ਦੇ ਵਿਨਿਯਮ 5 ਦੇ ਉਪ ਨਿਯਮ ( IX ) ਤਹਿਤ ਮਿਤੀ 3.06.2009 ਤੋਂ ਬਰਖਾਸ਼ਤ/ਡਿਸਮਿਸ ਕੀਤੀਆਂ ਜਾਂਦੀਆਂ ਹਨ।

ਕਰਮਚਾਰੀ ਦੇ ਸੇਵਾ ਵੇਰਵੇ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1. | ਕਰਮਚਾਰੀ ਦਾ ਨਾਂ | ਸ੍ਰੀ ਕ੍ਰਿਸ਼ਨ ਕੁਮਾਰ |
| 2. | ਪਿਤਾ ਨਾਂ ਨਾਂ | ਸ੍ਰੀ ਬਚਨਾ ਰਾਮ |
| 3. | ਜਨਮ ਮਿਤੀ | 26.03.1960 |
| 4 | ਬੋਰਡ ਵਿੱਚ ਭਰਤੀ ਦੀ ਮਿਤੀ | 28.09.1976 |
| 5 | ਕਰਮਚਾਰੀ ਦਾ ਪਤਾ | 119, ਗਲੀ ਨੰਬਰ-5, ਪੁਰਾਣਾ ਬਿਸ਼ਨ ਨਗਰ, ਪਟਿਆਲਾ। |

ਮੁੱਖ ਇੰਜੀਨੀਅਰ/ਐਸਐਲਡੀਸੀ,
ਪੀਐਸਟੀਸੀਐਲ,ਅਬਲੋਵਾਲ,
ਪਟਿਆਲਾ।

ਪਿਠ ਅੰਕਣ ਨੰਬਰ 1432/1896 ਮਿਤੀ: 11.11.2016

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡੀ.ਜੀ.ਪੀ./ ਵੀ ਅਤੇ ਐਸ, ਪਟਿਆਲਾ।
2. ਸਾਰੇ ਇੰਜ:-ਇਨ ਚੀਫ/ਜਨਰਲ ਮੈਨੇਜਰ ਅਤੇ ਮੁੱਖ ਇੰਜ:, ਪੀਐਸਪੀਸੀਐਲ ਅਤੇ ਪੀਐਸਟੀਸੀਐਲ।
3. ਮੁੱਖ ਲੇਖਾ ਅਫਸਰ/ਮੁੱਖ ਕਾਸਟ ਕੰਟਰੋਲ ਵਿੱਤ/ਮੁੱਖ ਆਡੀਟਰ ਅਤੇ ਮੁੱਖ ਕਾਸਟ ਕੰਟਰੋਲ ਅਤੇ ਰਿਡਕਸ਼ਨ।
4. ਸਾਰੇ ਉਪ ਮੁੱਖ ਇੰਜ:/ ਨਿਗ:ਇੰਜ:, ਪੀਐਸਪੀਸੀਐਲ ਅਤੇ ਪੀਐਸਟੀਸੀਐਲ।
5. ਸਾਰੇ ਉਪ ਮੁੱਖ ਪੜਤਾਲਕਾਰ/ ਉਪ ਮੁੱਖ ਅਫਸਰ ਅਤੇ ਲੇਖਾ ਅਫਸਰ, ਪੀਐਸਪੀਸੀਐਲ ਅਤੇ ਪੀਐਸਟੀਸੀਐਲ।
6. ਸਾਰੇ ਵਧੀਕ ਨਿਗ:ਇੰਜ:/ਸੀਨੀ.ਕਾ:ਕਾ:ਇੰਜ:, ਪੀਐਸਪੀਸੀਐਲ ਅਤੇ ਪੀਐਸਟੀਸੀਐਲ।
7. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ ਅਤੇ ਸਾਰੀਆਂ ਬਰਾਚਾਂ ਦੇ ਮੁੱਖ ਅਧੀਨ ਪੀਐਸਪੀਸੀਐਲ ਅਤੇ ਪੀਐਸਟੀਸੀਐਲ।
8. ਸੀਨੀ.ਨਿੱਜੀ ਸਕੱਤਰ ਟੂ ਸੀ.ਐਮ.ਡੀ., ਪੀਐਸਪੀਸੀਐਲ ਅਤੇ ਪੀਐਸਟੀਸੀਐਲ।

9. ਸੀਨੀ. ਨਿੱਜੀ ਸਕੱਤਰ ਟੂ ਡਾਇਰੈਕਟਰਜ਼ ਪੀਐਸਪੀਸੀਐਲ ਅਤੇ ਪੀਐਸਟੀਸੀਐਲ।
10. ਨਿੱਜੀ ਸਕੱਤਰ ਟੂ ਜੀ.ਐਮ. ਅਤੇ ਉਪ ਮੁੱਖ ਇੰਜ:/ਪ੍ਰਸੋਨਲ, ਪਟਿਆਲਾ।
11. ਨਿਗ:ਇੰਜ:/ਆਈ.ਟੀ., ਪੀ.ਐਸ.ਟੀ.ਸੀ.ਐਲ, ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਦ/ਹੁਕਮ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ ਤੇ ਅਪ ਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।
12. ਨਿਗ:ਇੰਜ:/ਓਪਰੇਸ਼ਨ, ਪੀ.ਐਸੋ.ਟੀ.ਸੀ.ਐਲ, ਅਬਲੋਵਾਲ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਦਫ਼ਤਰੀ ਹੁਕਮ ਦੀ ਕਾਪੀ ਕਰਮਚਾਰੀ ਨੂੰ ਸੌਂਪ ਕੇ ਇਸ ਦੀ ਪ੍ਰਾਪਤੀ ਰਸੀਦ ਇਸ ਦਫ਼ਤਰ ਨੂੰ ਭੇਜੀ ਜਾਵੇ ਜੇਕਰ ਕਿਸੇ ਕਾਰਨ ਇਹ ਦਫਤਰੀ ਹੁਕਮ ਦੀ ਕਾਪੀ ਕਰਮਚਾਰੀ ਨੂੰ ਨਹੀ ਸੌਪੀ ਜਾ ਸਕਦੀ ਤਾ ਉਸ ਦੇ ਘਰ ਦੇ ਪਤੇ ਤੇ ਚਿਪਕਾ ਕੇ ਇਸ ਦਫਤਰ ਨੂੰ ਦੱਸਿਆ ਜਾਵੇ।
13 ਸ੍ਰੀ ਕ੍ਰਿਸ਼ਨ ਕੁਮਾਰ, ਹੇ:ਸ੍ਰੇ:ਕ: ਪੁੱਤਰ ਸ੍ਰੀ ਬਚਨਾ ਰਾਮ, 119, ਗਲੀ ਨੰਬਰ-5, ਪੁਰਾਣਾ ਬਿਸ਼ਨ ਨਗਰ, ਪਟਿਆਲਾ।

ਮੁੱਖ ਇੰਜੀਨੀਅਰ/ਐਸਐਲਡੀਸੀ,
ਪੀਐਸਟੀਸੀਐਲ,ਅਬਲੋਵਾਲ,
ਪਟਿਆਲਾ।